ਇਹ ਜਾਣਕਾਰੀ ਇਹ ਦੱਸਦੀ ਹੈ ਕਿ ਅਪੀਲ ਦਾ ਆਪਣਾ ਪੱਖ ਕਿਵੇਂ ਦੱਸਣਾ ਹੈ। ਜ਼ਿਆਦਾ ਜਾਣਕਾਰੀ ਸਾਡੇ ਵੈੱਬਸਾਈਟ ਉੱਪਰ ਦੇਖੋ: wcat.bc.ca ਜਾਂ ਮਦਦ ਮੰਗਣ ਲਈ ਬੇਝਿਜਕ ਸਾਡੀ ਟੀਮ ਨੂੰ ਫੋਨ ਕਰੋ: 604-664-7800 ਜਾਂ 1-800-663-2782

## ਜ਼ਬਾਨੀ ਸੁਣਵਾਈ (ਓਰਲ ਹੀਅਰਿੰਗ) ਵਿਚ ਅਪੀਲ ਦਾ ਆਪਣਾ ਪੱਖ ਕਿਵੇਂ ਦੱਸਣਾ ਹੈ

ਵਰਕਰਜ਼ ਕੰਪਨਸੇਸ਼ਨ ਅਪੀਲ ਟ੍ਰਿਬਿਊਨਲ (ਡਬਲਯੂ ਸੀ ਏ ਟੀ) ਨੇ ਤੁਹਾਨੂੰ ਓਰਲ ਹੀਅਰਿੰਗ ਨਾਂ ਦੀ ਇਕ ਮੀਟਿੰਗ ਵਿਚ ਅਪੀਲ ਦਾ ਆਪਣਾ ਪੱਖ ਦੱਸਣ ਲਈ ਸੱਦਾ ਦਿੱਤਾ ਹੈ। ਇਹ ਸੁਣਵਾਈਆਂ ਕੋਰਟ ਨੂੰ ਜਾਣ ਜਿੰਨੀਆਂ ਰਸਮੀ ਨਹੀਂ ਹੁੰਦੀਆਂ।

ਸੁਣਵਾਈਆਂ (ਹੀਅਰਿੰਗਜ਼) ਵੀਡਿਓ ਕਾਨਫਰੰਸ ਰਾਹੀਂ, ਇਕੱਠੇ ਬੈਠ ਕੇ ਜਾਂ ਫੋਨ ’ਤੇ ਹੁੰਦੀਆਂ ਹਨ।

ਜ਼ਬਾਨੀ ਸੁਣਵਾਈ ਵਿਚ, ਅਪੀਲ ਵਿਚ ਸ਼ਾਮਲ ਹਰ ਵਿਅਕਤੀ ਆਪਣਾ ਕੇਸ ਵਾਈਸ ਚੇਅਰ ਅੱਗੇ ਬਿਆਨ ਕਰੇਗਾ। ਵਾਈਸ ਚੇਅਰ ਦਰਜ ਕਰਵਾਏ ਗਏ ਸਾਰੇ ਸਬੂਤਾਂ ਅਤੇ ਜਾਣਕਾਰੀ ਦੇ ਨਾਲ ਨਾਲ ਵਰਕਸੇਫ ਬੀ ਸੀ ਦੀ ਕਲੇਮ ਫਾਇਲ ਦਾ ਰਿਵੀਊ ਕਰਦਾ ਹੈ। ਇਸ ਤੋਂ ਬਾਅਦ ਵਾਈਸ ਚੇਅਰ ਅੰਤਿਮ ਫੈਸਲਾ ਕਰਦਾ ਹੈ।

ਇਸ ਚੀਜ਼ ਬਾਰੇ ਹੋਰ ਸੁਝਾਅ ਲੱਭਣ ਲਈ ਕਿ ਆਪਣਾ ਕੇਸ ਕਿਵੇਂ ਤਿਆਰ ਕਰਨਾ ਹੈ ਅਤੇ ਕਾਰਵਾਈ ਨੂੰ ਕਿਵੇਂ ਤੇਜ਼ ਕਰਨਾ ਹੈ, ਸਾਡੇ ਵੈੱਬਸਾਈਟ ’ਤੇ ਜਾਉ: WCAT.BC.CA > APPEAL A DECISION > PREPARE YOUR CASE

## ਜ਼ਬਾਨੀ ਸੁਣਵਾਈ ਵਿਚ ਕੌਣ ਹਾਜ਼ਰ ਹੁੰਦਾ ਹੈ?

ਅਪੀਲ ਸ਼ੁਰੂ ਕਰਨ ਵਾਲੇ ਵਿਅਕਤੀ ਲਈ ਹਾਜ਼ਰ ਹੋਣਾ ਜ਼ਰੂਰੀ ਹੈ। ਜੇ ਉਹ ਨਹੀਂ ਹੁੰਦਾ ਤਾਂ ਉਸ ਦੀ ਅਪੀਲ ਖਾਰਜ ਕੀਤੀ ਜਾ ਸਕਦੀ ਹੈ।

ਅਪੀਲ ਵਿਚ ਸ਼ਾਮਲ ਹੋਰ ਲੋਕਾਂ ਨੂੰ ਸੱਦਾ ਦਿੱਤਾ ਜਾਂਦਾ ਹੈ ਪਰ ਉਨ੍ਹਾਂ ਤੋਂ ਹਾਜ਼ਰ ਹੋਣ ਦੀ ਮੰਗ ਨਹੀਂ ਕੀਤੀ ਜਾਂਦੀ। ਜੇ ਉਹ ਚਾਹੁੰਦੇ ਹੋਣ ਤਾਂ ਉਹ ਆਪਣੇ ਨੁਮਾਇੰਦੇ ਨੂੰ ਆਪਣੇ ਲਈ ਹਾਜ਼ਰ ਹੋਣ ਲਈ ਕਹਿ ਸਕਦੇ ਹਨ ਜਾਂ ਸੁਣਵਾਈ ਅੱਗੇ ਆਪਣੀਆਂ ਲਿਖਤੀ ਦਲੀਲਾਂ ਭੇਜ ਸਕਦੇ ਹਨ।

ਜੇ ਉਹ ਜਾਂ ਉਨ੍ਹਾਂ ਦਾ ਨੁਮਾਇੰਦਾ ਹਾਜ਼ਰ ਨਹੀਂ ਹੁੰਦੇ ਤਾਂ ਉਨ੍ਹਾਂ ਕੋਲ:

- ਸਬੂਤ ਦੇਣ ਜਾਂ ਅਪੀਲ ਸ਼ੁਰੂ ਕਰਨ ਵਾਲੇ ਵਿਅਕਤੀ ਦੀਆਂ ਦਲੀਲਾਂ ਜਾਂ ਸਬੂਤਾਂ ਦਾ ਜਵਾਬ ਦੇਣ ਦਾ ਮੌਕਾ ਨਹੀਂ ਹੋਵੇਗਾ
- ਉਨ੍ਹਾਂ ਨੂੰ ਸੁਣਵਾਈ ਵਿਖੇ ਪੇਸ਼ ਕੀਤੇ ਗਏ ਸਬੂਤ ਨਹੀਂ ਮਿਲਣਗੇ
- ਉਹ ਅਪੀਲ ਵਿਚ ਅੱਗੇ ਹੋਰ ਹਿੱਸਾ ਲੈਣ ਦੇ ਯੋਗ ਨਹੀਂ ਹੋਣਗੇ

ਤੁਸੀਂ ਸੁਣਵਾਈ ਵਿਚ ਹੋਰਨਾਂ ਨੂੰ ਆਪਣੇ ਨਾਲ ਲਿਆ ਸਕਦੇ ਹੋ। ਜੇ ਤੁਸੀਂ ਕਿਸੇ ਨੂੰ ਨਾਲ ਲਿਆਉਣ ਦੀ ਪਲੈਨ ਬਣਾ ਰਹੇ ਹੋ ਤਾਂ ਕਿਰਪਾ ਕਰਕੇ ਡਬਲਯੂ ਸੀ ਏ ਟੀ ਨੂੰ ਸੁਣਵਾਈ ਤੋਂ ਘੱਟੋ ਘੱਟ 21 ਦਿਨ ਪਹਿਲਾਂ ਦੱਸੋ। ਇਸ ਵਿਚ ਸ਼ਾਮਲ ਹਨ:

- ਸੁਣਵਾਈ ਵਿਚ ਹਿੱਸਾ ਲੈਣ ਲਈ ਤੁਹਾਡਾ ਨੁਮਾਇੰਦਾ (ਜੇ ਤੁਹਾਡੇ ਕੋਲ ਕੋਈ ਹੈ)
- ਕੋਈ ਵੀ ਗਵਾਹ ਜਿਨ੍ਹਾਂ ਨੂੰ ਤੁਸੀਂ ਸੁਣਵਾਈ ਵਿਚ ਬੋਲਣ ਲਈ ਕਹੋਗੇ
- ਸੁਣਵਾਈ ਦੇਖਣ ਲਈ ਮਦਦ ਕਰਨ ਵਾਲਾ ਕੋਈ ਵਿਅਕਤੀ (ਜਿਹੜਾ ਗਵਾਹ ਜਾਂ ਨੁਮਾਇੰਦਾ ਨਹੀਂ ਹੈ)

ਤੁਸੀਂ ਦੋਭਾਸ਼ੀਆ ਮੰਗ ਸਕਦੇ ਹੋ। ਦੋਭਾਸ਼ੀਆ ਮੰਗਣ ਲਈ ਡਬਲਯੂ ਸੀ ਏ ਟੀ ਨਾਲ ਸੁਣਵਾਈ ਤੋਂ ਘੱਟੋ ਘੱਟ 2 ਹਫਤੇ ਪਹਿਲਾਂ ਸੰਪਰਕ ਕਰੋ। ਡਬਲਯੂ ਸੀ ਏ ਟੀ ਦੋਭਾਸ਼ੀਏ ਦਾ ਪ੍ਰਬੰਧ ਕਰੇਗਾ ਅਤੇ ਇਸ ਦਾ ਖਰਚਾ ਦੇਵੇਗਾ। ਤਰਜਮੇ ਲਈ ਦੋਸਤਾਂ ਅਤੇ ਰਿਸ਼ਤੇਦਾਰਾਂ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ।

## ਜ਼ਬਾਨੀ ਸੁਣਵਾਈ ਲਈ ਕਿਵੇਂ ਤਿਆਰ ਹੋਣਾ ਹੈ

ਉਹ ਮਹੱਤਵਪੂਰਨ ਨੁਕਤੇ ਲਿਖ ਲਉ ਜਿਹੜੇ ਤੁਸੀਂ ਸੁਣਵਾਈ ਵਿਚ ਸਾਂਝੇ ਕਰਨਾ ਚਾਹੁੰਦੇ ਹੋ। ਇਹ ਵੇਰਵਿਆਂ ਨੂੰ ਯਾਦ ਰੱਖਣ ਅਤੇ ਅਪੀਲ ਦੇ ਤੁਹਾਡੇ ਪੱਖ ਦੀ ਹਿਮਾਇਤ ਕਰਨ ਵਾਲੇ ਸਬੂਤ ਦੱਸਣ ਵਿਚ ਤੁਹਾਡੀ ਮਦਦ ਕਰੇਗਾ।

ਤੁਹਾਨੂੰ ਸਪਸ਼ਟ ਰੂਪ ਵਿਚ ਇਹ ਦੱਸਣ ਦੀ ਲੋੜ ਪਵੇਗੀ:

- ਡਬਲਯੂ ਸੀ ਏ ਟੀ ਨੂੰ ਉਹ ਨਤੀਜਾ ਕਿਉਂ ਕੱਢਣਾ ਚਾਹੀਦਾ ਹੈ ਜਿਹੜਾ ਤੁਸੀਂ ਚਾਹੁੰਦੇ ਹੋ
- ਤੁਹਾਡੀ ਹਾਲਤ ਉੱਪਰ ਕਾਨੂੰਨ ਜਾਂ ਵਰਕਸੇਫ ਬੀ ਸੀ ਦੀਆਂ ਪੌਲਸੀਆਂ ਕਿਵੇਂ ਲਾਗੂ ਹੁੰਦੀਆਂ ਹਨ
- ਬੂਤ ਕਿਵੇਂ ਉਸ ਨਤੀਜੇ ਦੇ ਹੱਕ ਵਿਚ ਹਨ ਜਿਹੜਾ ਤੁਸੀਂ ਚਾਹੁੰਦੇ ਹੋ

ਸੁਣਵਾਈ ਤੋਂ 21 ਦਿਨ ਪਹਿਲਾਂ, ਨਵੀਂ ਜਾਣਕਾਰੀ ਅਤੇ ਕੋਈ ਵੀ ਉਨ੍ਹਾਂ ਗਵਾਹਾਂ ਦੀ ਲਿਸਟ ਭੇਜੋ ਜਿਨ੍ਹਾਂ ਨੂੰ ਤੁਸੀਂ ਡਬਲਯੂ ਸੀ ਏ ਟੀ ਵਿਖੇ ਸੁਣਵਾਈ ਵਿਚ ਬੋਲਣ ਲਈ ਕਹੋਗੇ।

ਇਸ ਵਿਚ ਸ਼ਾਮਲ ਹੈ:

- ਕੋਈ ਵੀ ਨਵਾਂ ਸਬੂਤ ਜਿਹੜਾ ਵਰਕਸੇਫ ਬੀ ਸੀ ਦੀ ਫਾਇਲ ਵਿਚ ਨਹੀਂ ਹੈ, ਜਿਸ ਵਿਚ ਨਵੇਂ ਡਾਕਟਰਾਂ ਦੀ ਰਿਪੋਰਟਾਂ ਵੀ ਸ਼ਾਮਲ ਹਨ
- ਕੋਈ ਵੀ ਗਵਾਹਾਂ ਦੇ ਨਾਂ ਅਤੇ ਐਡਰੈਸ। ਇਹ ਅਪੀਲ ਵਿਚ ਹਿੱਸਾ ਲੈ ਰਹੇ ਹਰ ਵਿਅਕਤੀ ਨੂੰ ਵਿਚਾਰ ਕਰਨ ਅਤੇ ਤਿਆਰ ਹੋਣ ਲਈ ਕਾਫੀ ਸਮਾਂ ਦੇਵੇਗਾ।

ⓘ ਸਾਡੇ ਵੈੱਬਸਾਈਟ ਉੱਪਰ ਜ਼ਿਆਦਾ ਜਾਣੋ: WCAT.BC.CA > APPEAL A DECISION > PREPARE YOUR CASE

## ਤਾਰੀਕ ਜਾਂ ਸਮਾਂ ਬਦਲਣ ਲਈ ਕਹੋ

ਜੇ ਤੁਸੀਂ ਮਿੱਥੇ ਸਮੇਂ 'ਤੇ ਹਾਜ਼ਰ ਨਹੀਂ ਹੋ ਸਕਦੇ ਤਾਂ ਤੁਸੀਂ ਡਬਲਯੂ ਸੀ ਏ ਟੀ ਨਾਲ ਸੰਪਰਕ ਕਰ ਸਕਦੇ ਹੋ ਅਤੇ ਤਾਰੀਕ ਜਾਂ ਸਮਾਂ ਬਦਲਣ ਲਈ ਕਹਿ ਸਕਦੇ ਹੋ। ਅਜਿਹਾ ਜ਼ਬਾਨੀ ਸੁਣਵਾਈ ਵਿਚ ਹਾਜ਼ਰ ਹੋਣ ਦਾ ਤੁਹਾਡਾ ਪਹਿਲਾ ਨੋਟਿਸ ਮਿਲਣ ਤੋਂ ਬਾਅਦ ਦੇ 14 ਦਿਨਾਂ ਵਿਚ ਕੀਤੇ ਜਾਣ ਦੀ ਲੋੜ ਹੁੰਦੀ ਹੈ।

## ਮਦਦ ਲਉ

ਕਿਸੇ ਨੁਮਾਇੰਦੇ (ਰੈਪਰੇਜ਼ਿਨਟੇਟਿਵ) ਦੀ ਮਦਦ ਲਉ। ਆਪਣੀ ਅਪੀਲ ਦਾ ਪੱਖ ਦੱਸਣ ਵਿਚ ਮਦਦ ਲਈ ਤੁਸੀਂ ਕਿਸੇ ਨੂੰ ਮੁਖ਼ਤਾਰ ਬਣਾ ਸਕਦੇ ਹੋ। ਉਹ ਕੋਈ ਵਕੀਲ, ਕੰਪਨਸੇਸ਼ਨ ਕਨਸਲਟੈਂਟ, ਯੂਨੀਅਨ ਜਾਂ ਇਮਪਲੌਏਅਰਜ਼ ਐਸੋਸੀਏਸ਼ਨ ਤੋਂ ਕੋਈ ਵਿਅਕਤੀ, ਪਰਿਵਾਰ ਦਾ ਮੈਂਬਰ ਜਾਂ ਦੋਸਤ ਹੋ ਸਕਦਾ ਹੈ। ਕਿਰਪਾ ਕਰਕੇ ਇਹ ਗੱਲ ਨੋਟ ਕਰੋ ਕਿ ਕੋਈ ਨੁਮਾਇੰਦਾ ਰੱਖਣ ਦਾ ਖਰਚਾ ਡਬਲਯੂ ਸੀ ਏ ਟੀ ਤੁਹਾਨੂੰ ਮੋੜਦਾ ਨਹੀਂ ਹੈ।

ਕਿਸੇ ਐਡਵਾਈਜ਼ਰ ਨਾਲ ਗੱਲ ਕਰੋ। ਵਰਕਰਾਂ ਜਾਂ ਇਮਪਲੌਏਅਰਾਂ ਦੇ ਐਡਵਾਈਜ਼ਰ ਉਨ੍ਹਾਂ ਲੋਕਾਂ ਦੀ ਮੁਫਤ ਮਦਦ ਕਰਦੇ ਹਨ ਜਿਹੜੇ ਵਰਕਸੇਫ ਬੀ ਸੀ ਦੇ ਕਿਸੇ ਫੈਸਲੇ ਨਾਲ ਅਸਹਿਮਤ ਹੁੰਦੇ ਹਨ।

ਵਰਕਰਜ਼ ਐਡਵਾਈਜ਼ਰਜ਼ ਆਫਿਸ
www.labour.gov.bc.ca/wao
1 800 663-4261 (ਬੀ.ਸੀ. ਵਿਚ ਮੁਫਤ)

ਇਮਪਲੌਏਅਰਜ਼ ਐਡਵਾਈਜ਼ਰਜ਼ ਆਫਿਸ
www.labour.gov.bc.ca/eao
1 800 925-2233 (ਬੀ.ਸੀ. ਵਿਚ ਮੁਫਤ)

ਡਬਲਯੂ ਸੀ ਏ ਟੀ ਨਾਲ ਸੰਪਰਕ ਕਰੋ। ਤੁਹਾਡੀ ਅਪੀਲ ਨੂੰ ਸਹੀ ਥਾਂ 'ਤੇ ਰੱਖਣ ਵਿਚ ਮਦਦ ਲਈ ਡਬਲਯੂ ਸੀ ਏ ਟੀ ਦਾ ਸਟਾਫ ਮਦਦ ਕਰ ਸਕਦਾ ਹੈ। ਉਹ ਨਿਰਪੱਖ ਹੁੰਦੇ ਹਨ, ਜਿਸ ਦਾ ਮਤਲਬ ਹੈ ਕਿ ਉਹ ਕੋਈ ਕਾਨੂੰਨੀ ਸਲਾਹ ਨਹੀਂ ਦੇਣਗੇ ਜਾਂ ਤੁਹਾਡੇ ਨੁਮਾਇੰਦੇ ਵਜੋਂ ਕੰਮ ਨਹੀਂ ਕਰਨਗੇ।